**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
3. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ-ਸਾਈਟ ਰਾਹੀਂ)
4. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈੱਬ-ਸਾਈਟ ਰਾਹੀਂ)
5. ਰਾਜ ਦੇ ਸਮੂਹ ਸੈਂਟਰ ਹੈੱਡ ਟੀਚਰ (ਵੈੱਬ-ਸਾਈਟ ਰਾਹੀਂ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/ 38018
ਮਿਤੀ ਚੰਡੀਗੜ੍ਹ 20 ਮਈ, 2010

ਵਿਸ਼ਾ ਸਕੂਲਾਂ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਬਾਰੇ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੇ ਗਏ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀਂ ਸਕੂਲਾਂ ਦੇ ਨਿਰੀਖਣਾਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਭਾਵੇਂ ਕਿ ਸਕੂਲਾਂ ਵਿੱਚ ਪ੍ਰਾਰਥਨਾ ਸਭਾ ਕਰਵਾਈ ਜਾ ਰਹੀਂ ਹੈ, ਪਰੰਤੂ ਇਸ ਵਿੱਚ ਕੁੱਝ ਹੋਰ ਸੁਧਾਰ ਦੀ ਲੋੜ ਹੈ । ਕਈ ਥਾਵਾਂ ਤੇ ਇਹ ਗੱਲ ਪਤਾ ਚੱਲੀ ਹੈ ਕਿ ਪ੍ਰਾਰਥਨਾ ਸਭਾ ਵਿੱਚ ਪੀ.ਟੀ.ਆਈ., ਡੀ.ਪੀ.ਆਈ. ਅਤੇ ਹੋਰ ਅਧਿਆਪਕ ਹੀ ਸ਼ਾਮਿਲ ਹੁੰਦੇ ਹਨ ਜਦੋਂ ਕਿ ਸਕੂਲ ਮੁੱਖੀ ਗੈਰ-ਹਾਜ਼ਰ ਰਹਿੰਦੇ ਹਨ । ਸਕੂਲ ਮੁੱਖੀ ਦੇ ਗੈਰ-ਹਾਜ਼ਰ ਰਹਿਣ ਨਾਲ ਪ੍ਰਾਰਥਨਾ ਸਭਾ ਅਤੇ ਉਸ ਦੌਰਾਨ ਕੀਤੀ ਜਾਣ ਵਾਲੀਆ ਗਤੀ-ਵਿਧੀਆਂ ਬਾਰੇ ਵਿਦਿਆਰਥੀ ਅਤੇ ਅਧਿਆਪਕ ਬਹੁਤ ਗੰਭੀਰ ਨਹੀਂ ਹੋ ਸਕਦੇ ।

3.0 ਵਿਭਾਗ ਨੇ ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਹੈ ਕਿ ਸਕੂਲ ਮੁੱਖੀ ਸਾਰੇ ਸਟਾਫ ਸਮੇਤ ਪ੍ਰਾਰਥਨਾ ਸਭਾ ਵਿੱਚ ਹਰ ਹਾਲਾਤ ਵਿੱਚ ਹਾਜ਼ਰ ਰਹਿਣ । ਜਿੱਥੇ ਕਿਤੇ ਸਕੂਲ ਮੁੱਖੀ ਜਾਂ ਹੋਰ ਮੈਂਬਰ ਪ੍ਰਾਰਥਨਾ ਸਭਾ ਵਿੱਚ ਹਾਜ਼ਰ ਨਹੀਂ ਪਾਏ ਜਾਂਦੇ ਤਾਂ ਇਸ ਨੂੰ ਸਰਕਾਰੀ ਹਦਾਇਤਾਂ ਦੀ ਉਲੰਘਣਾ ਸਮਝਿਆ ਜਾਵੇਗਾ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ।

4.0 ਇਹ ਵੀ ਦੱਸਿਆ ਜਾਂਦਾ ਹੈ ਕਿ ਪ੍ਰਾਰਥਨਾ ਸਭਾ ਦੌਰਾਨ ਗਤੀ-ਵਿਧੀਆਂ ਜਿਵੇਂ ਕਿ ਪੀ.ਟੀ., ਕੁੱਝ ਚੰਗੇ ਵਿਚਾਰ ਜਾਂ ਸਟਾਫ ਦੇ ਕਿਸੇ ਮੈਂਬਰ ਵੱਲੋਂ ਜਾਂ ਵਿਦਿਆਰਥੀ ਵੱਲੋਂ ਕਿਸੇ ਮੁੱਦੇ ਵਿਸ਼ੇਸ਼ ਤੇ ਐਡਰੈਸ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ । ਇਸ ਗੱਲ ਨੂੰ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਸਕੂਲਾਂ ਵਿੱਚ ਹਾਜ਼ਰੀ ਪ੍ਰਾਰਥਨਾ ਸਭਾ ਦੌਰਾਨ ਹੀ ਮੁਕੰਮਲ ਕੀਤੀ ਜਾਵੇ ਤਾਂ ਜੋ ਬਾਅਦ ਵਿੱਚ ਕਲਾਸਾਂ ਵਿੱਚ ਹਾਜ਼ਰੀ ਲਗਾਉਣ ਲਈ ਸਮੇ ਦੀ ਬਰਬਾਦੀ ਨਾ ਹੋਵੇ ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਮਿਤੀ

ਇਸ ਦਾ ਉਤਾਰਾ ਮੰਡਲ ਸਿੱਖਿਆ ਅਫਸਰ, ਨਾਭਾ/ ਜਲੰਧਰ ਅਤੇ ਫਰੀਦਕੋਟ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ